بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.05.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਮਾਤ ਨੂੰ ਖ਼ਿਲਾਫ਼ਤ ਨਾਲ ਜੋ ਸੰਬੰਧ ਹੈ ਅਤੇ ਸਮੇਂ ਦੇ ਖ਼ਲੀਫ਼ਾ ਨੂੰ ਜਮਾਤ ਨਾਲ ਜੋ ਸੰਬੰਧ ਹੈ, ਇਹ ਰੱਬ ਦੀ ਤਾਈਦ ਤੇ ਮਦਦ ਦਾ ਪ੍ਰਮਾਣ ਹੈ

## ਜਮਾਤ ਦੀ ਏਕਤਾ, ਅਖੰਡਤਾ ਅਤੇ ਪ੍ਰਗਤੀ ਦੀ ਜਮਾਨਤ ਇਹੋ ਸੰਬੰਧ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰੱਬ ਦੀ ਤਾਈਦ ਤੇ ਮਦਦ ਅਤੇ ਜਮਾਤ ਦੇ ਸੱਚੇ ਹੋਣ ਦਾ ਪ੍ਰਮਾਣ ਹੈ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਮਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦੇ ਵਾਦੇ ਅਨੁਸਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇਹਾਂਤ ਦੇ ਬਾਦ ਖ਼ਿਲਾਫ਼ਤ ਦਾ ਨਿਜ਼ਾਮ ਅਰੰਭ ਹੋਇਆ ਅਤੇ ਕੇਵਲ ਨਿਜ਼ਾਮ ਦਾ ਅਰੰਭ ਹੋ ਜਾਣਾ ਹੀ ਕੋਈ ਸਚੱਾਈ ਨਹੀਂ ਰਖੱਦਾ ਜੱਦ ਤੱਕ ਸਮੇਂ ਦੇ ਖ਼ਲੀਫ਼ਾ ਅਤੇ ਜਮਾਤ ਦੇ ਲੋਕਾਂ ਵਿੱਚ ਅਖ਼ਲਾਸ (ਨੇਕੀ), ਵਫ਼ਾਦਾਰੀ, ਨਿਸ਼ਠਾ ਤੇ ਆਸਥਾ ਦਾ ਸੰਬੰਧ ਨ ਹੋਵੇ ਅਤੇ ਇਹ ਸੰਬੰਧ ਰੱਬ ਹੀ ਪੈਦਾ ਕਰ ਸਕਦਾ ਹੈ । ਕੋਈ ਮਨੁੱਖ ਜਾਂ ਮਾਨਵੀ ਜਤਨ ਇਸ ਸੰਬੰਧ ਨੂੰ ਪੈਦਾ ਨਹੀਂ ਕਰ ਸਕਦਾ, ਨ ਹੀ ਸਿਥਿਰ ਰੱਖ ਸਕਦਾ ਹੈ ਅਤੇ ਜਮਾਤ ਦੀ ਏਕਤਾ, ਅਖੰਡਤਾ ਤੇ ਤਰੱਕੀ ਦੀ ਜ਼ਮਾਨਤ ਇਹੋ ਸੰਬੰਧ ਹੈ ਅਤੇ ਇਹ ਅਲੱਾਹ ਦੇ ਵਾਦੇ ਦੇ ਪੂਰਾ ਹੋਣ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰੱਬ ਦੀ ਤਾਈਦ ਤੇ ਸਹਾਇਤਾ ਅਤੇ ਜਮਾਤ ਅਹਮਦੀਆ ਦੇ ਸੱਚੇ ਹੋਣ ਦੀ ਦਲੀਲ ਹੈ । ਖ਼ਿਲਾਫ਼ਤ ਨਾਲ ਜਮਾਤ ਦੇ ਲੋਕਾਂ ਦਾ ਜੋ ਸੰਬੰਧ ਹੈ ਜਿਸ ਵਿੱਚ ਪੁਰਾਣੇ ਅਹਮਦੀ ਅਤੇ ਨਵੇਂ ਆਉਣ ਵਾਲੇ ਵੀ, ਨੌਜੁਆਨ ਵੀ ਅਤੇ ਬੱਚੇ ਵੀ ਪੁਰੁਸ਼ ਵੀ ਤੇ ਇਸਤਰੀਆਂ ਵੀ, ਦੂਰ ਦੁਰਾਡੇ ਰਹਿਣ ਵਾਲੇ ਅਹਮਦੀ ਵੀ, ਜਿੰਨ੍ਹਾ ਨੇ ਕਦੇ ਵੀ ਸਮੇਂ ਦੇ ਖ਼ਲੀਫ਼ਾ ਨੂੰ ਨਹੀਂ ਦੇਖਿਆ ਹੈ ਸਾਰੇ ਸ਼ਾਮਲ ਹਨ । ਪਰ ਇਹ ਸਾਰੇ ਲੋਕ ਜੋ ਹਨ ਨੇਕੀ ਤੇ ਵਫ਼ਾਦਾਰੀ ਵਿੱਚ ਵਧੇ ਹੋਏ ਹਨ ਅਤੇ ਵਧੱਣ ਦਾ ਜਤਨ ਕਰਦੇ ਹਨ । ਸਮੇਂ ਦੇ

ਖ਼ਲੀਫ਼ਾ ਦਾ ਸੰਦੇਸ਼ ਪਹੁੰਚੇ ਤਾਂ ਇਸ'ਤੇ ਅਮਲ ਕਰਨ ਦਾ ਜਤਨ ਕਰਦੇ ਹਨ । ਪ੍ਰੇਮ ਤੇ ਸੰਬੰਧਾ ਨਾਲ ਪ੍ਰਗਟਨ ਇਸ ਪ੍ਰਕਾਰ ਕਰਦੇ ਹਨ ਕਿ ਹੈਰਾਨੀ ਹੁੰਦੀ ਹੈ ਅਤੇ ਇਸ ਸਾਰੀਆਂ ਗਲੱਾਂ ਅਲੱਾਹ ਦੇ ਵਾਦੇ ਦੇ ਪੂਰਾ ਹੋਣ ਦੇ ਕਰਮ ਰੂਪੀ ਪ੍ਰਮਾਣ ਹਨ ਅਤੇ ਜਮਾਤ ਦੀ ਤਰੱਕੀ ਵੀ ਇਸ ਨਾਲ ਸਲੰਗਤ ਹੈ ਜੋ ਜਮਾਤ ਨੂੰ ਖ਼ਿਲਾਫ਼ਤ ਨਾਲ ਸੰਬੰਧ ਹੈ ਅਤੇ ਸਮੇਂ ਦੇ ਖ਼ਲੀਫ਼ਾ ਨੂੰ ਜਮਾਤ ਨਾਲ ਹੈ ਇਹ ਰੱਬ ਦੀ ਤਾਈਦ ਤੇ ਮਦਦ ਦਾ ਸਬੂਤ ਹੈ ਅਤੇ ਇਹ ਕੇਵਲ ਗਲੱਾਂ ਨਹੀਂ ਹਨ ਸਗੋਂ ਹਜ਼ਾਰਾਂ ਲਖੱਾਂ ਹੀ ਅਜਿਹੀਆਂ ਗਲੱਾਂ ਹਨ ਜਿੱਥੇ ਜਮਾਤ ਦੇ ਲੋਕ ਇਸ ਗੱਲ ਦਾ ਪ੍ਰਦਰਸ਼ਨ ਕਰਦੇ ਹਨ । ਜੇਕਰ ਇਹਨਾ ਗਲੱਾਂ ਨੂੰ ਇਕੱਠਿਆਂ ਕੀਤਾ ਜਾਏ ਤਾਂ ਅਸੰਖ ਮਹਾਗ੍ਰੰਥ ਇਸਦੇ ਬਣ ਜਾਣਗੇ ।

ਵਿਰੋਧੀ ਸਮਝਦੇ ਸਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇਹਾਂਤ ਦੇ ਬਾਦ ਇਹ ਜਮਾਤ ਖ਼ਤਮ ਹੋ ਜਾਏਗੀ ਪਰੰਤੂ ਜਮਾਤ ਦੇ ਲੋਕਾਂ ਦਾ ਖ਼ਿਲਾਫ਼ਤ ਨਾਲ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਨਿਸ਼ਚਾ, ਆਸਥਾ, ਨੇਕੀ ਤੇ ਵਫ਼ਾਦਰੀ ਦਾ ਸੰਬੰਧ ਵਧੱਦਾ ਹੀ ਚਲਾ ਜਾ ਰਿਹਾ ਹੈ ਅਤੇ ਕਿਉਂ ਨ ਵਧੇ ਇਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਪੇਸ਼ਗੋਈ (ਭਵਿੱਖਬਾਣੀ) ਅਨੁਸਾਰ ਹੈ । ਫ਼ਰਮਾਇਆ ਹੁਣ ਮੈਂ ਕੁਝ ਗਲੱਾਂ ਪੇਸ਼ ਕਰਦਾ ਹਾਂ :-

ਐਡੀਟਰ ਸਾਹਬ ਬਦਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦੇ ਬਿਮਾਰੀ ਦੇ ਦਿਨਾਂ ਬਾਰੇ ਲਿਖੱਦੇ ਹਨ ਕਿ ਇਹਨਾ ਦਿਨਾ ਵਿੱਚ ਹਾਲ ਚਾਲ ਪੁਛੱਣ ਲਈ ਖ਼ੁਦੱਾਮ ਦੇ ਪਤੱਰ ਅਧਿਕਤਰ ਆ ਰਹੇ ਹਨ ਅਤੇ ਇਹਨਾ ਪਤੱਰਾਂ'ਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਫ਼ਰਮਾਇਆ ਮੈਂ ਇਹਨਾ ਸਾਰਿਆਂ ਵਾਸਤੇ ਦੁਆ ਕਰਦਾ ਹਾਂ ਜੋ ਇਯਾਦਤ (ਹਾਲ ਪੁਛੱਣ) ਲਈ ਪਤੱਰ ਲਿਖੱਦੇ ਹਨ । ਐਡੀਟਰ ਸਾਹਬ ਲਿਖੱਦੇ ਹਨ ਕਿ ਪ੍ਰੇਮੀ ਅਦਭੁੱਤ ਢੰਗ ਨਾਲ ਆਪਣੇ ਪੇਮ ਦਾ ਪ੍ਰਗਟਨ ਕਰ ਰਹੇ ਹਨ । ਹਕੀਮ ਮੁਹਮੱਦ ਹੁਸੈਨ ਸਾਹਬ ਕੁਰੈਸ਼ੀ ਲਿਖੱਦੇ ਹਨ, ਮੈਂ ਤਾਂ ਇਕ ਦਿਨ ਰੱਬ ਦੀ ਹਜ਼ੂਰੀ ਵਿੱਚ ਅਰਜ਼ ਕੀਤੀ ਸੀ ਕਿ ਹੇ ਮੌਲਾ ਹਜ਼ਰਤ ਨੂਹ ਦੇ ਜੀਵਨ ਦੀਆਂ ਲੋੜਾਂ ਤਾਂ ਵਿਸ਼ੇਸ਼ ਅਸਥਾਨ ਲਈ ਵਿਸ਼ੇਸ਼ ਸਨ ਅਤੇ ਹੁਣ ਤਾਂ ਜੋ ਲੋੜਾਂ ਪੇਸ਼ ਹਨ ਉਹਨਾ ਨੂੰ ਤਾਂ ਤੂੰ ਹੀ ਜਾਣਦਾ ਹੈਂ, ਸਾਡੀ ਬਿਨਤੀ ਪਰਵਾਨ ਕਰ ਅਤੇ ਸਾਡੇ ਇਮਾਮ ਨੂੰ ਨੂਹ ਜਿਹਾ ਜੀਵਨ ਪ੍ਰਦਾਨ ਕਰ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੇ ਜ਼ਮਾਨੇ ਵਿੱਚ 1924 ਈ. ਵਿੱਚ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਯੂਰੋਪ ਦੇ ਸਫ਼ਰ'ਤੇ ਚੱਲੇ ਸਨ ਉਹ ਅਸਥਾਈ ਜੁਦਾਈ ਸੀ ਉਸ ਨੇ ਵੀ ਜਮਾਤ ਦੇ ਲੋਕਾਂ ਨੂੰ ਬੇਚੈਨ ਕਰ ਦਿਤੱਾ ਹੋਇਆ ਸੀ । ਇਕ ਰਿਵਾਇਤ ਨਾਲ ਇਹ ਅੰਦਾਜ਼ਾ ਹੁੰਦਾ ਹੈ । ਬਾਬੂ ਸਿਰਾਜ ਦੀਨ ਸਾਹਬ ਸਟੇਸ਼ਨ ਮਾਸਟਰ ਲਿਖੱਦੇ ਹਨ ਕਿ ਮੇਰੇ ਆਕਾ ਅਸੀਂ ਦੂਰ ਹਾਂ ਮਜਬੂਰ ਹਾਂ ਜੇਕਰ ਸੰਭਵ ਹੁੰਦਾ ਤਾਂ ਹਜ਼ੂਰ ਦੇ ਪੈਰ੍ਹਾਂ ਦੀ ਧੂੜ ਬਣ ਜਾਂਦੇ ਤਾਂ ਜੁਦਾਈ ਦੇ ਸਦਮੇ ਨ ਸਹਿੰਦੇ । ਆਕਾ ! ਮੈਂ ਚਾਰ ਸਾਲ ਤੋਂ ਦਾਰੁਲਅਮਾਨ ਨਹੀਂ ਗਿਆ ਸੀ ਪਰ ਦਿਲ ਨੂੰ ਤਸੱਲੀ ਸੀ ਕਿ ਜੱਦ ਚਾਹਾਂਗਾ ਹਜ਼ੂਰ ਦੇ ਦਰਸ਼ਨ ਕਰ ਕਦਮਬੋਸੀ ਕਰ ਲਵਾਂਗਾ ਪਰ ਹੁਣ ਇਕ ਦਿਨ ਵੀ ਮੁਸ਼ਕਲ ਹੋ ਰਿਹਾ ਹੈ । ਅਲੱਾਹ ਪਾਕ ਹਜ਼ੂਰ ਨੂੰ ਖ਼ੈਰੀਯਤ ਨਾਲ ਸਫ਼ਲਤਾ ਪੂਰਬਕ ਛੇਤੀ ਵਾਪਸ ਲਿਆਏ ।

ਤੀਜੀ ਖ਼ਿਲਾਫ਼ਤ ਦਾ ਸਮਾਂ ਆਇਆ ਤਾਂ ਇਕ ਅਹਮਦੀ ਇਸਤਰੀ ਸਨ ਅਮਰੀਕਾ ਦੀ ਸਿਸਟਰ ਨਈਮਾ ਲਤੀਫ਼ ਸਾਹਿਬਾ ਇਹਨਾ ਨੂੰ ਖ਼ਿਲਾਫ਼ਤ ਅਤੇ ਸਮੇਂ ਦੇ ਖ਼ਲੀਫ਼ਾ ਨਾਲ ਇਸ਼ਕ ਦੀ ਹੱਦ ਤੱਕ ਪ੍ਰੇਮ ਸੀ ਅਤੇ ਸਮੇਂ ਦੇ ਖ਼ਲੀਫ਼ਾ ਦੀ ਤਾਬਿਆਦਾਰੀ ਨੂੰ ਸਭ ਤੋਂ ਪਹਿਲਾਂ ਪ੍ਰਾਥਮਿਕਤਾ ਦਿੰਦੀ ਸਨ । ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਦੇ ਅਮਰੀਕਾ ਦੇ ਦੌਰੇ ਸਮੇਂ ਇਕ ਯੂਨੀਵਰਸਿਟੀ ਵਿੱਚ ਪਰਦੇ ਦੀ ਮਹਤੱਾ ਉਪੱਰ ਹਜ਼ਰਤ ਖ਼ਲੀਫ਼ਰਤੁਲ ਮਸੀਹ ਸਾਲਸ ਦਾ ਭਾਸ਼ਣ ਸੁਣਕੇ ਉਸੇ ਸਮੇਂ ਹਿਜਾਬ ਲੈ ਲਿਆ ਅਤੇ ਉਸ ਜ਼ਮਾਨੇ ਵਿੱਚ ਆਪਣੇ ਖੇਤਰ ਵਿੱਚ ਉਹ ਇਕੱਲੀ ਇਸਤਰੀ ਸਨ ਜੋ ਇਸਲਾਮੀ ਪਰਦੇ ਵਿੱਚ ਦਿਖਾਈ ਦਿੰਦੀ ਸਨ । ਇਕ ਤੜਪ ਸੀ ਕਿ ਸਮੇਂ ਦੇ ਖ਼ਲੀਫ਼ਾ ਦਾ ਹੁਕਮ ਹੈ, ਇਕ ਸੰਬੰਧ ਹੈ ਅਤੇ ਇਸ ਸੰਬੰਧ ਨੂੰ ਨਿਭਾਉਂਣਾ ਹੈ ਅਤੇ ਮੈਂ ਬੈਅਤ ਕੀਤੀ ਹੈ ਤਾਂ ਇਸ ਹੁਕਮ ਨੂੰ ਪੂਰਾ ਵੀ ਕਰਨਾ ਹੈ ।

ਇਕ ਮੁਖ਼ਲਿਸ ਅਹਮਦੀ ਮੁਕਰੱਮ ਮਿਹਰ ਮੁਖ਼ਤਾਰ ਅਹਮਦ ਸਾਹਬ ਆਫ਼ ਬਾਗੜ ਸਰਗਾਨਾ 1974 ਈ. ਦੇ ਹਾਲਾਤਾਂ ਵਿੱਚ ਵਿਰੋਧੀਆਂ ਨੇ ਆਪ ਦਾ ਜੁਸ਼ੀਲਾ ਦਾਈ ਇਲਲੱਾਹ (ਰੱਬ ਵੱਲ ਬੁਲਾਉਣ ਵਾਲਾ) ਹੋਣ ਦੇ ਸਬਬ ਜੀਊਂਣਾ ਹਰਾਮ ਕਰ ਦਿਤੱਾ ਸੀ, ਬਿਰਾਦਰੀ ਨੇ ਵੀ ਕਰੜੀ ਵਿਰੋਧਤਾ ਕੀਤੀ ਅਤੇ ਪੂਰਨ ਬਾਈਕਾਟ ਕੀਤਾ ਗਿਆ । ਬਾਗੜ ਸਰਗਾਨਾ ਦੀ ਜ਼ਮੀਨ ਵੇਚਕੇ ਰਬਵੇ ਦੇ ਵਾਤਾਵਰਣ ਵਿੱਚ ਠੇਕੇ'ਤੇ ਜ਼ਮੀਨ ਲੈਕੇ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਨਾਲ ਮੁਲਾਕਾਤ ਕੀਤੀ ਅਤੇ ਦੱਸਿਆ ਤਾਂ ਹਜ਼ੂਰ ਨੇ ਇਸ ਨੂੰ ਪਸੰਦ ਨਹੀਂ ਕੀਤਾ ਕਿ ਖੇਤਰ ਨੂੰ ਖ਼ਾਲੀ ਨਹੀਂ ਛਡੱਣਾ ਸੀ । ਇਸ'ਤੇ ਆਪਨੇ ਝੱਟ ਪੈਰ੍ਹਵੀ ਕੀਤੀ । ਖੇਤੀ ਦੇ ਮਾਲਕ ਕੋਲੋਂ ਠੇਕੇ ਦੀ ਰਕਮ ਵਾਪਸ ਮੰਗੀ । ਉਸ ਦੇ ਇਨਕਾਰ ਕਰਨ'ਤੇ ਆਪ ਖੜੀ ਫ਼ਸਲ ਅਤੇ ਠੇਕੇ ਦੀ ਰਕਮ ਵਾਪਸ ਲਏ ਬਿਨਾ ਹੀ ਆਪਣੇ ਵਤਨ ਬਾਗੜ ਸਰਗਾਨਾ ਆ ਗਏ ਅਤੇ ਜਤਨ ਕਰਕੇ ਆਪਣੀ ਵੇਚੀ ਹੋਈ ਜ਼ਮੀਨ ਦੁਬਾਰਾ ਖ਼ਰੀਦੀ ਉਹ ਵੀ ਮਹਿੰਗੇ ਭਾਅ'ਤੇ ਅਤੇ ਫਿਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਦੀ ਸੇਵਾ ਵਿੱਚ ਹਾਜ਼ਰ ਹੋਕੇ ਅਰਜ਼ ਕੀਤੀ ਕਿ ਆਪਦੇ ਫ਼ਰਮਾਨ ਦੀ ਪੈਰ੍ਹਵੀ ਕਰ ਲਈ ਹੈ । ਹਜ਼ੂਰ ਰਹਿਮਾਹੁਲੱਾਹ ਨੇ ਵੀ ਇਸ'ਤੇ ਖ਼ੁਸ਼ੀ ਦਾ ਪ੍ਰਦਰਸ਼ਨ ਕੀਤਾ ਅਤੇ ਮਿਹਰ ਸਾਹਬ ਵੀ ਇਸ ਗੱਲ'ਤੇ ਬਹੁਤ ਖ਼ੁਸ਼ ਹੁੰਦੇ ਸਨ ।

ਹਜ਼ਰਤ ਖ਼ਲੀਫ਼ਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦਾ ਸਮਾਂ ਆਉਂਦਾ ਹੈ । ਆਪ ਕਹਿੰਦੇ ਹਨ ਕਿ ਅਫ਼ਰੀਕਾ ਵਿੱਚ ਜੋ ਮਹਾਨ ਪਰਿਵਰਤਨ ਪੈਦਾ ਹੋਏ ਹਨ ਇਹ ਪੁਰਾਣੇ ਵਾਕਫ਼ੀਨ ਦੀਆਂ ਕੁਰਬਾਨੀਆਂ ਕਰਕੇ ਪੈਦਾ ਹੋਏ ਹਨ ਅਤੇ ਉਹਨਾ ਦੀ ਕਲਪਨਾ ਉੱਥੋਂ ਦੀਆਂ ਜਮਾਤਾਂ ਵੀ ਨਹੀਂ ਕਰ ਸਕਦੀਆਂ ਸਨ । ਕਿੰਨ੍ਹੀ ਹੈਰਾਨੀ ਜਨਕ ਤਬਦੀਲੀਆਂ ਦੇਸ਼ ਵਿੱਚ ਪੈਦਾ ਹੋ ਚੁੱਕੀਆਂ ਹਨ । ਕਈ ਅਹਮਦੀ ਵੱਡੇ ਵੱਡੇ ਤਜਰਬਿਆਂ ਵਾਲੇ ਅਤੇ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਵਿੱਚ ਪ੍ਰਭਾਵੀ, ਉਹਨਾ ਨੇ ਮੈਨੂੰ ਦੱਸਿਆ ਕਿ ਸਾਨੂੰ ਆਪ ਨੂੰ ਵੀ ਪਤਾ ਨਹੀਂ ਸੀ ਕਿ ਸਾਡੀ ਕੌਮ ਅਹਮਦੀਅਤ ਨਾਲ ਪ੍ਰੇਮ ਤੇ ਸਹਾਇਤਾ ਵਿੱਚ ਐਨ੍ਹੀ ਅੱਗੇ ਵੱਧ ਚੁਕੀ ਹੈ ਅਤੇ ਐਨ੍ਹਾ ਬਹੁਤਾ ਇਸ ਸਮੇਂ ਤਿਆਰ ਹੈ ਕਿ ਉਸ ਨੂੰ ਸੰਦੇਸ਼ ਪਹੁੰਚਾਇਆ ਜਾਏ । ਸੋ, ਇਕ ਸਾਹਬ ਨੇ ਕਿਹਾ ਮੇਰੇ ਵਹਿਮ ਭਰਮ ਵਿੱਚ ਵੀ ਨਹੀਂ ਸੀ ਕਿ ਸਾਡੀ ਕੌਮ ਕਿਸੇ ਜਮਾਤ ਅਹਮਦੀਆ ਦੇ ਖ਼ਲੀਫ਼ਾ ਦੀ ਐਨ੍ਹੀ ਸੇਵਾ ਦਾ ਮੌਕਾ ਮਿਲੇਗਾ ਅਤੇ ਅਜਿਹੇ ਪ੍ਰੇਮ ਦੇ ਪਰਦਰਸ਼ਨ ਦਾ ਮੌਕਾ ਮਿਲੇਗੇ । ਮੇਰੀ ਕਲਪਨਾ ਵਿੱਚ ਵੀ ਇਹ ਗੱਲ ਨਹੀਂ ਸੀ । ਉਹਨਾ ਨੇ ਕਿਹਾ ਕਿ ਜੋ ਮੈਂ ਇੱਥੇ ਦੇਖਿਆ ਹੈ ਇੱਥੇ ਸਰਕਾਰਾਂ ਦੇ ਸਰਬਰਾਹਾਂ (ਆਗੂਆਂ) ਨਾਲ ਹੁੰਦਾ ਦੇਖਿਆ ਹੈ ਅਤੇ ਉਹ ਵੀ ਸੰਸਾਰਕ ਦ੍ਰਿਸ਼ਟੀ ਨਾਲ ਹੁੰਦਾ ਹੈ ਇਸ ਤੋਂ ਬਿਨਾ ਕਿਸੇ ਹੋਰ ਨਾਲ ਅਜਿਹਾ ਸੁਲੂਕ ਨਹੀਂ ਦੇਖਿਆ ਅਤੇ ਇਹ ਵੀ ਕਿ ਇਸ ਵਿੱਚ ਸਾਡੀ ਜਮਾਤ ਦੇ ਜਤਨਾ ਦਾ ਦਖ਼ਲਾ ਨਹੀਂ ਹੈ ਜੋ ਕੁਝ ਹੋ ਰਿਹਾ ਹੈ ਗ਼ੈਬ ਰਾਹੀਂ ਹੋ ਰਿਹਾ ਹੈ ਅਤੇ ਹੈਰਾਨੀ ਭਰਪੂਰ ਢੰਗ ਨਾਲ ਹੋ ਰਿਹਾ ਹੈ, ਇਹ ਤਾਂ ਸਭ ਕੁਝ ਰੱਬ ਵੱਲੋਂ ਹੈ ਇਹ ਸਾਰਾ ਕੁਝ ਰੱਬ ਵੱਲੋਂ ਪੈਦਾ ਕੀਤਾ ਹੋਇਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਹੁਣ ਮੇਰੇ ਸਮੇਂ ਦੀਆਂ ਗਲੱਾਂ ਹਨ, ਨਾਈਜੀਰੀਆ ਦਾ 2004 ਈ. ਵਿੱਚ ਮੈਂ ਦੌਰਾ ਕੀਤਾ । ਦੋ ਦਿਨਾਂ ਦਾ ਦੌਰਾ ਸੀ । ਪਹਿਲਾਂ ਪ੍ਰੋਗਰਾਮ ਨਹੀਂ ਸੀ, ਸਬਬ ਨਾਲ ਮਜਬੂਰੀ ਬਣ ਗਿਆ ਕਿਉਂਕਿ ਫ਼ਲਾਈਟ ਉੱਥੋਂ ਮਿਲਦੀ ਸੀ, ਪਰ ਉੱਥੇ ਜਾਕੇ ਇਹ ਅਨੁਭਵ ਹੋਇਆ ਕਿ ਇੱਥੇ ਆਉਂਣਾ ਬਹੁਤ ਜ਼ਰੂਰੀ ਸੀ, ਨ ਆਉਂਦਾ ਤਾਂ ਬਹੁਤ ਗ਼ਲਤ ਹੁੰਦਾ । ਇਹ ਵਿਚਾਰ ਨਹੀਂ ਸੀ ਕਿ ਮੇਰੇ ਜਾਣ ਨਾਲ ਉਥੇ ਲੋਕ ਦੂਰ ਦੁਰਾਡਿਓਂ ਆ ਸਕਣਗੇ, ਪਰ ਕੇਵਲ ਦੋ ਘੰਟਿਆਂ ਲਈ ਉਹ ਮੈਨੂੰ ਮਿਲਣ ਲਈ ਆਏ ਅਤੇ ਲਗਭਗ ਤੀਹ ਹਜ਼ਾਰ ਦੇ ਲਗਭਗ ਪੁਰੁਸ਼ ਇਸਤਰੀ ਇਕਤੱਰ ਹੋ ਗਏ ਅਤੇ ਉਹਨਾ ਦੇ ਅਖ਼ਲਾਸ (ਨੇਕੀ) ਤੇ ਵਫ਼ਾਦਾਰੀ ਦੇ ਉਹ ਨਜ਼ਾਰੇ ਸਨ ਜੋ ਅਸੀਂ ਦੇਖੇ ਉਹ ਵੀ ਦ੍ਰਿਸ਼ ਯੋਗ ਸਨ । ਖ਼ਿਲਾਫ਼ਤ ਨਾਲ ਅਖ਼ਲਾਸ ਦਾ ਸੰਬੰਧ ਅਤੇ ਜੋ ਪ੍ਰੇਮ ਹੈ ਉਹ ਵਰਨਣ ਯੋਗ ਨਹੀਂ । ਇਹਨਾ ਲੋਕਾਂ ਨੇ ਜਿੰਨ੍ਹਾ ਨੇ ਕਦੇ ਵੀ ਸਮੇਂ ਦੇ ਖ਼ਲੀਫ਼ਾ ਨੂੰ ਨਹੀਂ ਦੇਖਿਆ ਸੀ, ਸਿੱਧੇ ਤੌਰ'ਤੇ ਜੱਦ ਦੇਖਿਆ ਤਾਂ ਅਜਿਹਾ

ਪ੍ਰਦਰਸ਼ਨ ਕੀਤਾ ਕਿ ਹੈਰਾਨੀ ਹੁੰਦੀ ਸੀ । ਵਾਪਸੀ ਸਮੇਂ ਦੁਆ ਵਿੱਚ ਕਈ ਇਸਤਰੀਆਂ ਅਤੇ ਲੋਕ ਐਨ੍ਹੇ ਭਾਵਨਾਤਮਕ ਸਨ ਅਤੇ ਇਉਂ ਤੜਪ ਰਹੇ ਸਨ ਕਿ ਹੈਰਾਨੀ ਹੁੰਦੀ ਸੀ ਅਤੇ ਇਹ ਪ੍ਰੇਮ ਕੇਵਲ ਰੱਬ ਹੀ ਪੈਦਾ ਕਰ ਸਕਦਾ ਹੈ ਅਤੇ ਰੱਬ ਖ਼ਾਤਰ ਹੀ ਹੋ ਸਕਦਾ ਹੈ । ਮੌਲਵੀ ਕਹਿੰਦੇ ਹਨ ਕਿ ਅਸੀਂ ਅਫ਼ਰੀਕਾ ਦੇ ਫ਼ਲਾਣੇ ਦੇਸ਼ ਵਿੱਚ ਜਾਮਤ ਦੇ ਮਿਸ਼ਨ ਬੰਦ ਕਰਾ ਦਿੱਤੇ ਅਤੇ ਫ਼ਲਾਣੇ ਦੇਸ਼ ਵਿੱਚ ਸਾਡੇ ਵਾਦੇ ਹੋ ਚੁਕੇ ਹਨ ਕਿ ਮਿਸ਼ਨ ਬੰਦ ਹੋ ਜਾਣਗੇ ਅਤੇ ਇਹ ਕਰ ਦਿੱਤਾ ਅਤੇ ਉਹ ਕਰ ਦਿੱਤਾ, ਵੱਡੀਆਂ ਵੱਡੀਆਂ ਡੀਂਗਾ (ਫੜਾਂ) ਮਾਰਦੇ ਰਹਿੰਦੇ ਹਨ, ਉਹਨਾ ਨੂੰ ਕੋਈ ਪੁੱਛੇ ਕਿ ਇਹ ਅਖ਼ਲਾਸ ਤੇ ਵਫ਼ਾਦਾਰੀ ਜੋ ਉੱਥੋਂ ਦੇ ਲੋਕ ਦਿਖਾਉਂਦੇ ਹਨ ਅਤੇ ਇਹ ਚਿਹਰੇ ਜੋ ਐਮ.ਟੀ.ਏ. ਦਿਖਾਉਂਦਾ ਹੈ ਅਤੇ ਫਿਰ ਅਸੀਂ ਆਪ ਵੀ ਉੱਥੇ ਜਾਕੇ ਦੇਖ ਰਹੇ ਹਾਂ ਇਹ ਸਭ ਕੁਝ ਕੀ ਹੈ । ਕੀ ਇਹ ਮਿਸ਼ਨ ਬੰਦ ਕਰਾਉਂਣ ਦਾ ਸਿਟਾ ਹੈ । ਬਹਿਰਹਾਲ ਉਹਨਾ ਨੇ ਤਾਂ ਆਪਣੀਆਂ ਬੜਾਂ ਮਾਰਨੀਆਂ ਹਨ ਮਾਰਦੇ ਰਹਿਣ ਪਰੰਤੂ ਇਹ ਗਲੱਾਂ ਸਾਡੇ ਇਮਾਨ ਨੂੰ ਮਜ਼ਬੂਤ ਕਰਦੀਆਂ ਹਨ ਅਤੇ ਇਸ ਵਿੱਚ ਵਾਧੇ ਦਾ ਸਬਬ ਬਣਦੀਆਂ ਹਨ । ਚਾਹੇ ਅਮਰੀਕਾ ਹੋਵੇ ਜਾਂ ਕੈਨੇਡਾ ਜਾਂ ਯੂਰੋਪ ਦਾ ਕੋਈ ਦੇਸ਼ ਹੋਵੇ ਹਰ ਥਾਂ ਅਖ਼ਲਾਸ ਤੇ ਵਫ਼ਾਦਾਰੀ ਦੇ ਨਮੂਨੇ ਦਿਖਾਈ ਦਿੰਦੇ ਹਨ ਅਤੇ ਇਹ ਅਖ਼ਲਾਸ ਤੇ ਵਫ਼ਾਦਾਰੀ ਕੋਈ ਮਾਨਵੀ ਜਤਨਾ ਕਰਕੇ ਪੈਦੇ ਨਹੀਂ ਕੀਤੇ ਜਾ ਸਕਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਕੁਝ ਉਧਾਰਣਾ ਹਨ ਜੋ ਇਸ ਗੱਲ ਨੂੰ ਸਪਸ਼ਟ ਕਰਦੀਆਂ ਹਨ ਕਿ ਦਿਲਾਂ ਵਿੱਚ ਅਖ਼ਲਾਸ਼ ਤੇ ਵਫ਼ਾਦਾਰੀ ਦਾ ਸੰਬੰਧ ਰੱਬ ਹੀ ਪੈਦਾ ਕਰਦਾ ਹੈ ਅਤੇ ਕੋਈ ਸੰਸਾਰਕ ਸ਼ਕਤੀ ਇਸਨੂੰ ਖੋਹ ਨਹੀਂ ਸਕਦੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਸੀ ਕਿ ਰੱਬ ਦੇ ਵਾਦਿਆਂ ਨੂੰ ਪੂਰਾ ਹੁੰਦਿਆਂ ਤੁਸੀਂ ਦੇਖੋਗੇ । ਰੱਬ ਕਰੇ ਕਿ ਇਹਨਾ ਵਾਦਿਆਂ ਨੂੰ ਪੂਰਾ ਹੁੰਦਿਆਂ ਦੇਖਣ ਦੀ ਤਾਂਘ ਸਾਡਿਆਂ ਵਿੱਚੋਂ ਬਹੁਤਿਆਂ ਨੂੰ ਪ੍ਰਾਪਤ ਹੋਵੇ ।

ਅਖ਼ੀਰ ਵਿੱਚ ਹਜ਼ੂਰ ਅਨਵਰ ਨੇ 27 ਮਈ ਤੋਂ ਇਕ ਨਵੀਂ ਤਰਤੀਬ ਨਾਲ ਐਮ.ਟੀ.ਏ. ਦੇ ਵੱਖ ਵੱਖ ਰੀਜਨਾ ਦੇ ਪੱਖੋਂ ਅੱਠ ਚੈਨਲਾਂ ਵਿੱਚ ਵੰਡੇ ਜਾਣ ਦੀ ਘੋਸ਼ਣਾ ਕਰਦਿਆਂ ਹੋਇਆਂ ਇਸ ਦਾ ਵਿਸਥਾਰ ਦੱਸਿਆ । ਇਸ ਵਿਵਸਥਾ ਵਿੱਚ ਰੱਬ ਬਰਕਤ ਪਾਏ ਅਤੇ ਐਮ.ਟੀ.ਏ. ਨੂੰ ਪਹਿਲਾਂ ਤੋਂ ਵਧੱਕੇ ਇਸਲਾਮ ਦਾ ਹਕੀਕੀ ਪੈਗ਼ਾਮ ਦੁਨੀਆ ਵਿੱਚ ਫੈਲਾਉਣ ਦਾ ਸੰਜੋਗ ਪ੍ਰਦਾਨ ਕਰੇ । ਆਮੀਨ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ
اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ
یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ
وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 29.05.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131